**ਯੂਨੀਵਰਸਿਟੀ ਵਿਖੇ ਦੁਕਾਨਾਂ/ਕੰਟੀਨਾਂ ਟੈਂਡਰ ਰਾਹੀਂ ਅਲਾਟ ਕਰਨ ਸਬੰਧੀ ਸ਼ਰਤਾਂ :-**

11C

1. ਯੂਨੀਵਰਸਿਟੀ ਵਿਖੇ 08 ਦੁਕਾਨਾਂ/ਕੰਟੀਨਾਂ ਦੀ ਅਲਾਟਮੈਂਟ ਸਬੰਧੀ ਟੈਂਡਰ ਮੰਗੇ ਜਾ ਰਹੇ ਹਨ।ਇਨ੍ਹਾਂ ਕੰਟੀਨਾਂ/ਦੁਕਾਨਾਂ ਦਾ ਰਾਖਵੇਂ ਕਿਰਾਏ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰਬਰ | ਦੁਕਾਨ/ਕੰਟੀਨ ਦਾ ਨਾਮ | ਰਾਖਵਾਂ ਕਿਰਾਇਆ |
|---|---|---|
| 1. | ਕੰਟੀਨ ਨੇੜੇ ਆਰਟਸ ਬਲਾਕਾਂ | 8,569.00/- ਰੁਪਏ |
| 2. | ਕੰਟੀਨ ਨੇੜੇ ਸਾਇੰਸ ਬਲਾਕਾਂ | 10,625.00/- ਰੁਪਏ |
| 3. | ਇੰਡੀਅਨ ਕਾਫੀ ਹਾਊਸ | 57,353.00/-ਰੁਪਏ |
| 4. | ਮਲਟੀਪਰਪਜ਼ (ਦੁਕਾਨ ਨੰਬਰ 04) | 4,469.00/-ਰੁਪਏ |
| 5. | ਕੇਬਲ ਦੇ ਕੰਮ ਲਈ (ਦੁਕਾਨ ਨੰਬਰ 06) | 4,469.00/-ਰੁਪਏ |
| 6. | ਰਿਫਰੈਸ਼ਮੈਂਟ (ਦੁਕਾਨ ਨੰਬਰ 08) | 3,752.00/-ਰੁਪਏ |
| 7. | ਫੋਟੋਸਟੇਟ ਅਤੇ ਸਟੇਸ਼ਨਰੀ ਦੀ ਦੁਕਾਨ ਇੰਜੀਨੀਅਰਿੰਗ ਵਿੰਗ | 4,471.00/- ਰੁਪਏ |
| 8. | ਕੰਟੀਨ ਇੰਜੀਨੀਅਰਿੰਗ ਵਿੰਗ (ਬੇਸਮੈਂਟ) | 26,946/- ਰੁਪਏ |

ਟੈਂਡਰਕਰਤਾ ਇਸ ਰਾਸ਼ੀ ਤੋਂ ਵੱਧ ਦੀ ਕੀਮਤ ਦੇ ਟੈਂਡਰ ਭਰ ਕੇ ਭੇਜਣਗੇ।ਇਸ ਰਾਸ਼ੀ ਤੋਂ ਘੱਟ ਕੀਮਤ ਦੇ ਟੈਂਡਰ ਸਵੀਕਾਰ ਨਹੀਂ ਕੀਤੇ ਜਾਣਗੇ।

2. ਜੋ ਟੈਂਡਰਕਰਤਾ ਇੱਕ ਤੋਂ ਵੱਧ ਕੰਟੀਨ/ਦੁਕਾਨ ਲਈ ਅਪਲਾਈ ਕਰਨ ਦੇ ਚਾਹਵਾਨ ਹੋਣਗੇ, ਉਨ੍ਹਾਂ ਨੂੰ ਵੱਖਰੇ-ਵੱਖਰੇ ਤੌਰ ਤੇ ਟੈਂਡਰ ਭਰ ਕੇ ਭੇਜਣੇ ਹੋਣਗੇ।
3. ਟੈਂਡਰ ਅਪਲਾਈ ਕਰਨ ਵਾਲਾ ਵਿਅਕਤੀ ਪਿਛਲੇ ਤਿੰਨ ਸਾਲ ਦਾ ਕੰਟੀਨ/ਦੁਕਾਨ ਚਲਾਉਣ ਦਾ ਤਜਰਬਾ ਰੱਖਦਾ ਹੋਵੇ।ਟੈਂਡਰ ਅਪਲਾਈ ਕਰਨ ਵਾਲੇ ਵਿਅਕਤੀ ਨੂੰ ਤਜਰਬੇ ਦਾ ਹਲਫੀਆ ਬਿਆਨ ਦੇਣਾ ਪਵੇਗਾ।
4. ਉਸ ਦੀ Turn Over ਲਗਾਤਾਰ ਤਿੰਨ ਸਾਲਾਂ ਦੌਰਾਨ 2,00,000/- (ਦੋ ਲੱਖ ਰੁਪਏ) ਸਲਾਨਾ ਰਹੀ ਹੋਵੇ।ਇਸ ਸਬੰਧੀ CA ਦੀ ਰਿਪੋਰਟ ਨਾਲ ਨੱਥੀ ਹੋਵੇ।
5. ਦੁਕਾਨ/ਕੰਟੀਨ ਅਪਲਾਈ ਕਰਨ ਵਾਲੇ ਵਿਅਕਤੀ ਨੂੰ 1,50,000/- (ਇਕ ਲੱਖ ਪੰਜਾਹ ਰੁਪਏ) ਦਾ ਬੈਂਕ ਡਰਾਫਟ ਰਜਿਸਟਰਾਰ,ਪੰਜਾਬੀ ਯੂਨੀਵਰਸਿਟੀ ਦੇ ਨਾਂ ਤੇ ਭੇਜਣਾ ਹੋਵੇਗਾ। ਟੈਂਡਰ ਭਰਨ ਵਾਲੀ ਪਾਰਟੀ ਤੋਂ 1,000/- ਰੁਪਏ ਦੀ ਐਪਲੀਕੇਸ਼ਨ ਫੀਸ ਵਜੋਂ ਬੈਂਕ ਡਰਾਫਟ,ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ,ਪਟਿਆਲਾ ਦੇ ਨਾਮ ਤੇ ਅਲੱਗ ਤੋਂ ਭੇਜਣਾ ਹੋਵੇਗਾ।
6. ਜਿਸ ਵਿਅਕਤੀ ਦਾ ਟੈਂਡਰ ਪਾਸ ਹੋ ਜਾਵੇਗਾ, ਉਸ ਵੱਲੋਂ ਜਮ੍ਹਾਂ ਕਰਵਾਈ ਗਈ 1,50,000/- ਰੁਪਏ ਦੀ ਰਾਸ਼ੀ ਸਕਿਊਰਟੀ ਵਿੱਚ ਤਬਦੀਲ ਹੋ ਜਾਵੇਗੀ ਅਤੇ ਬਾਕੀਆਂ ਦੀ ਰਾਸ਼ੀ ਵਾਪਸ ਕਰ ਦਿੱਤੀ ਜਾਵੇਗੀ।ਜਿਹੜਾ ਦੁਕਾਨਦਾਰ/ਕੰਟੀਨ ਠੇਕੇਦਾਰ ਇਕਰਾਰਨਾਮੇ ਦੇ ਸਮੇਂ ਦੇ ਵਿਚਕਾਰ ਹੀ ਦੁਕਾਨ/ਕੰਟੀਨ ਛੱਡ ਜਾਵੇਗਾ, ਉਸ ਦੀ ਸਕਿਊਰਟੀ ਜਬਤ ਕਰ ਲਈ ਜਾਵੇਗੀ।
7. ਦੁਕਾਨਾਂ/ਕੰਟੀਨਾਂ ਤਿੰਨ ਸਾਲ ਦੇ ਸਮੇਂ ਲਈ ਅਲਾਟ ਕੀਤੀਆਂ ਜ਼ਾਣਗੀਆਂ।ਤਹਿਸੁਦਾ ਲਾਇਸੈਂਸ ਮਨੀ ਵਿੱਚ ਹਰ ਸਾਲ **10%** ਦਾ ਵਾਧਾ ਕੀਤਾ ਜਾਵੇਗਾ ਅਤੇ ਇਸ ਸਬੰਧੀ ਵਿੱਧੀਬੱਧ ਢੰਗ ਨਾਲ ਯੂਨੀਵਰਸਿਟੀ ਨਾਲ ਇਕਰਾਰਨਾਮਾ ਕੀਤਾ ਜਾਵੇਗਾ।
8. ਕੰਟੀਨ/ਦੁਕਾਨ ਦੀ ਅਲਾਟਮੈਂਟ ਸਮੇਂ ਅਲਾਟੀ ਤੋਂ ਲਾਇਸੈਂਸ ਮਨੀ ਦੇ **36** ਐਡਵਾਂਸ ਪੋਸਟ ਡੇਟਿਡ ਚੈੱਕ ਜਮ੍ਹਾਂ ਕਰਵਾਏ ਜਾਣਗੇ।ਇਸ ਤੋਂ ਇਲਾਵਾ **18%** ਜੀ.ਐਸ.ਟੀ ਦੇ ਐਡਵਾਂਸ ਚੈੱਕ ਅਲੱਗ ਤੋਂ ਜਮ੍ਹਾਂ ਕਰਵਾਉਣੇ ਹੋਣਗੇ।
9. ਬਿਜਲੀ ਦਾ ਪੂਰਾ ਬਿਲ ਕਮਰਸ਼ੀਅਲ ਰੇਟ ਤੇ ਅਲਾਟੀ ਵੱਲੋਂ ਅਦਾ ਕੀਤਾ ਜਾਵੇਗਾ।ਪਾਣੀ ਲਈ ਹੇਠ ਲਿਖੇ ਅਨੁਸਾਰ ਬਿਲ ਦੁਕਾਨਦਾਰ ਵੱਲੋਂ ਅਦਾ ਕੀਤਾ ਜਾਵੇਗਾ:-
   (i) ਕੰਟੀਨਾਂ ਵਿੱਚ ਖਾਣੇ ਆਦਿ ਨਾਲ ਸਬੰਧਤ ਕੰਮ ਕਰਨ ਵਾਲੇ ਤੋਂ 500/- ਰੁਪਏ ਪ੍ਰਤੀ ਮਹੀਨਾ।
   (ii) ਜੂਸ ਬਾਰ ਦਾ ਕੰਮ ਕਰਨ ਵਾਲੇ ਦੁਕਾਨਦਾਰਾਂ ਤੋਂ 200/-ਰੁਪਏ ਪ੍ਰਤੀ ਮਹੀਨਾ।
   (iii) ਨਾਰਮਲ ਦੁਕਾਨਾਂ (ਜਿਨ੍ਹਾਂ ਦੁਕਾਨਾਂ ਵਿੱਚ ਪਾਣੀ ਦੀ ਘੱਟ ਤੋਂ ਘੱਟ ਵਰਤੋਂ ਹੁੰਦੀ ਹੈ) ਵਿੱਚ ਕੰਮ ਕਰਨ ਵਾਲੇ ਦੁਕਾਨਦਾਰਾਂ ਤੋਂ 50/- ਰੁਪਏ ਪ੍ਰਤੀ ਮਹੀਨਾ।

10. ਅਲਾਟੀ ਦੁਕਾਨ/ਕੰਟੀਨ ਦਾ ਫਰਨੀਚਰ ਆਪਣੇ ਕੋਲੋਂ ਤੇ ਉਪਲਬੱਧ ਕਰਵਾਏਗਾ ਅਤੇ ਇਕਰਾਰਨਾਮੇ ਦੀ ਮਿਆਦ ਖਤਮ ਹੋਣ ਤੋਂ ਬਾਅਦ ਵਾਪਸ ਲੈ ਜਾਵੇਗਾ।ਅਲਾਟੀ ਸਮਰੱਥ ਅਧਿਕਾਰੀਆਂ ਦੀ ਆਗਿਆ ਤੋਂ ਬਿਨ੍ਹਾਂ ਦੁਕਾਨ/ਕੰਟੀਨ ਵਿੱਚ ਕੋਈ ਅਦਲਾ-ਬਦਲੀ ਨਹੀਂ ਕਰ ਸਕੇਗਾ।

11. ਕੰਟੀਨਾਂ ਵਿੱਚ ਸਿਰਫ ਉਹ ਹੀ ਖਾਣ-ਪੀਣ ਵਾਲੀਆਂ ਵਸਤੂਆਂ ਵੇਚੀਆਂ ਜਾਣਗੀਆਂ ਜੋ ਯੂਨੀਵਰਸਿਟੀ ਵੱਲੋਂ ਅਪ੍ਰੂਵਡ ਲਿਸਟ ਵਿੱਚ ਸ਼ਾਮਿਲ ਹੋਣਗੀਆਂ ਅਤੇ ਜਿਨ੍ਹਾਂ ਦੇ ਰੇਟ ਯੂਨੀਵਰਸਿਟੀ ਵੱਲੋਂ ਨਿਰਧਾਰਿਤ ਕੀਤੇ ਜਾਣਗੇ।

12. ਅਲਾਟੀ ਵੱਲੋਂ ਵੇਚੇ ਜਾਣ ਵਾਲੇ ਸਮਾਨ ਦੀ ਦੁਕਾਨ/ਕੰਟੀਨ ਵਿਖੇ ਰੇਟ ਲਿਸਟ ਡਿਸਪਲੇਅ ਕਰਨੀ ਜਰੂਰੀ ਹੋਵੇਗੀ।

13. ਅਲਾਟੀ ਨੇ ਦੁਕਾਨ/ਕੰਟੀਨ ਵਿੱਚ ਸਫਾਈ ਦਾ ਵਿਸ਼ੇਸ਼ ਧਿਆਨ ਰੱਖਣਾ ਹੋਵੇਗਾ।ਜੇਕਰ ਉਹ ਫਿਰ ਵੀ ਸਫਾਈ ਨਹੀਂ ਰੱਖਦਾ ਤਾਂ ਉਸ ਨੂੰ ਪਨੈਲਟੀ ਲਗਾਈ ਜਾ ਸਕੇਗੀ ਅਤੇ ਉਸ ਨਾਲ ਕੀਤਾ ਇਕਰਾਰਨਾਮਾ ਕੈਂਸਲ ਵੀ ਕੀਤਾ ਜਾ ਸਕਦਾ ਹੈ।

14. ਕੰਟੀਨ ਵਿਖੇ ਖਾਣ-ਪੀਣ ਦੀਆਂ ਸਾਫ-ਸੁਥਰੀਆਂ ਅਤੇ ਵਧੀਆ (Branded) ਕੁਆਲਿਟੀ ਦੀਆਂ ਵਸਤਾਂ ਉਪਲਬੱਧ ਕਰਵਾਉਣੀਆਂ ਹੋਣਗੀਆਂ।ਖਾਣ-ਪੀਣ ਦੀਆਂ ਵਸਤਾਂ ਦੀ ਚੈਕਿੰਗ ਯੂਨੀਵਰਸਿਟੀ ਅਧਿਕਾਰੀਆਂ ਵੱਲੋਂ ਕਦੇ ਵੀ ਕੀਤੀ ਜਾ ਸਕਦੀ ਹੈ।

15. ਕੰਟੀਨ ਵਿੱਚ ਪੀਣ ਲਈ ਸਿਰਫ ਆਰ.ਓ. ਦਾ ਪਾਣੀ ਹੀ ਵਰਤਿਆ ਜਾਵੇਗਾ, ਜਿਸ ਲਈ ਆਰ.ਓ. ਦਾ ਪ੍ਰਬੰਧ ਲਾਇਸੈਂਸੀ ਹੀ ਕਰੇਗਾ।

16. ਇੱਕ ਵਿਅਕਤੀ ਨੂੰ ਸਿਰਫ ਇੱਕ ਹੀ ਦੁਕਾਨ ਅਲਾਟ ਕੀਤੀ ਜਾਵੇਗੀ ਜੇਕਰ ਦੁਕਾਨ/ਕੰਟੀਨ ਦਾ ਕੋਈ Dispute ਹੁੰਦਾ ਹੈ ਤਾਂ ਉਸ ਨੂੰ ਨਿਬੇੜਨ ਲਈ ਸਮਰੱਥ ਅਧਿਕਾਰੀ ਵਾਈਸ-ਚਾਂਸਲਰ ਸਾਹਿਬ ਹੋਣਗੇ ਅਤੇ ਜੇਕਰ ਕੋਈ ਕੋਰਟ ਕੇਸ ਲਈ ਜਾਂਦਾ ਹੈ ਤਾਂ ਉਸ ਦੀ ਜਿਓਰਿਜ਼ਡਿਕਸ਼ਨ (Jurisdiction) , ਪਟਿਆਲਾ ਹੋਵੇਗੀ।

17. ਅਲਾਟੀ ਨੂੰ ਜਿਸ ਕੰਮ ਲਈ ਦੁਕਾਨ/ਕੰਟੀਨ ਅਲਾਟ ਕੀਤੀ ਜਾਵੇਗੀ, ਉਹ ਉਸ ਕੰਮ ਲਈ ਹੀ ਵਰਤੇਗਾ ਅਤੇ ਜੇਕਰ ਉਹ ਹੋਰ ਕੋਈ ਕੰਮ ਕਰੇਗਾ ਤਾਂ ਉਸ ਨੂੰ ਪਨੈਲਟੀ ਦੇਣੀ ਪਵੇਗੀ ਅਤੇ ਯੂਨੀਵਰਸਿਟੀ ਵੱਲੋਂ ਉਸ ਨਾਲ ਕੀਤਾ ਇਕਰਾਰਨਾਮਾ ਵੀ ਕੈਂਸਲ ਕੀਤਾ ਜਾ ਸਕਦਾ ਹੈ।

18. ਅਲਾਟੀ ਦੁਕਾਨ/ਕੰਟੀਨ ਅੱਗੋਂ ਕਿਸੇ ਹੋਰ ਨੂੰ ਸਬਲੈਟ ਨਹੀਂ ਕਰੇਗਾ।ਜੇਕਰ ਅਲਾਟੀ ਦੋ ਮਹੀਨੇ ਲਗਾਤਾਰ ਰੈਂਟ ਅਦਾ ਨਹੀਂ ਕਰਦਾ ਤਾਂ ਉਸ ਦੁਕਾਨ/ਕੰਟੀਨ ਦਾ ਬਿਜਲੀ,ਪਾਣੀ ਆਦਿ ਬੰਦ ਕਰਨ ਦਾ ਅਧਿਕਾਰ ਯੂਨੀਵਰਸਿਟੀ ਕੋਲ ਰਾਖਵਾਂ ਹੋਵੇਗਾ।

ਰਜਿਸਟਰਾਰ 26/07/2021